# ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ
ਇਸ ਕੋਡ ਨੂੰ ਸਕੈਨ ਕਰੋ।

jalandhar

# Home Assignment
# Class : 9th
# Social Studies

## Part-2 (Geography)

## ਭੂਗੋਲ

## ਪਾਠ:1(b)

## ਪੰਜਾਬ: ਆਕਾਰ ਅਤੇ ਸਥਿਤੀ






ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)

# 1–ਪੰਜਾਬ: ਆਕਾਰ ਅਤੇ ਸਥਿਤੀ



- ✓ ਪੰਜਾਬ ਫਾਰਸੀ ਭਾਸ਼ਾ ਦੇ ਸ਼ਬਦ ਪੰਜ+ਆਬ ਤੋ ਬਣਿਆ ਹੈ ।ਜਿਸ ਦਾ ਅਰਥ ਹੈ: ਪੰਜ ਦਰਿਆਵਾਂ ਦੀ ਧਰਤੀ
- ✓ ਰਿਗਵੇਦ ਵਿੱਚ ਇਸ ਨੂੰ ਸਪਤ ਸਿੰਧੂ ,ਪੁਰਾਣਾਂ ਵਿੱਚ ਪੰਚਨਾਦ ਅਤੇ ਯੂਨਾਨੀਆਂ ਨੇ ਪੈਂਟਾਪੋਟਾਮੀਆਂ ਦਾ ਨਾ ਦਿੱਤਾ ।
- ✓ ਪੰਜਾਬ ਵਿੱਚ ਪਹਿਲਾ ਸੱਤ ਦਰਿਆਂ ਸਿੰਧ,ਜੇਹਲਮ,ਚਨਾਬ,ਰਾਵੀ,ਬਿਆਸ,ਸਤਲੁਜ ਅਤੇ ਸਰਸਵਤੀ ਵਗਦੇ ਸਨ ਪਰ ਹੁਣ ਤਿੰਨ ਦਰਿਆਂ (ਰਾਵੀ,ਬਿਆਸ,ਸਤਲੁਜ) ਵਗਦੇ ਹਨ।
- ✓ ਪਹਿਲਾਂ 1947 ਵਿੱਚ ਪੰਜਾਬ ਦੀ ਵੰਡ ਫਿਰ 1948 ਵਿੱਚ ਪੈਪਸੂ ਪ੍ਰਾਂਤ ਅਤੇ ਫਿਰ 1 ਨਵੰਬਰ 1966 ਵਿੱਚ ਭਾਸ਼ਾ ਦੇ ਆਧਾਰ ਤੇ ਪੰਜਾਬ ਵਿੱਚੋ ਹਿਮਾਚਲ ਅਤੇ ਹਰਿਆਣਾ ਨਵੇਂ ਰਾਜ ਬਣਾ ਦਿੱਤੇ।
- ✓ ਵਰਤਮਾਨ ਪੰਜਾਬ ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਹੈ।ਇਸਦੇ ਨਾਲ ਜੰਮੂ ਕਸ਼ਮੀਰ,ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਰਾਜਾਂ ਦੀਆਂ ਹੱਦਾ ਲੱਗਦੀਆਂ ਹਨ।
- ✓ ਪੰਜਾਬ ਦਾ ਕੁੱਲ ਖੇਤਰਫਲ 50,362 ਵਰਗ ਕਿਲੋਮੀਟਰ ਹੈ।ਮੌਜੂਦਾ ਸਮੇ ਪੰਜਾਬ ਦੇ ਕੁੱਲ

  22 ਜਿਲ੍ਹੇ ,86 ਤਹਿਸੀਲ /ਉੱਪ ਮੰਡਲ ,145 ਬਲਾਕ ਹਨ।


The PANJAB at the time of partition of India in 1947
Panjab state after 1967
PESHAWAR
RAWALPINDI
SRINAGAR
KASHMIR
JAMMU
N.W.F.P.
R. INDUS
R. JEHLUM
R. CHENAB
LAHORE
R. RAVI
PUNJAB (PAKISTAN)
MULTAN
R. SATLUJ
HIMACHAL PARDESH
R. BEAS
AMRITSAR
JALANDHAR
R. SATLUJ
SIMLA
LUDHIANA
CHANDIGARH
PANJAB (INDIA)
PATIALA
BHATINDA
R. YAMUNA
UTTAR PARDESH (U.P.)
HARYANA
DELHI
RAJASTHAN
SINDH
100 KILOMETRES

| ਲੜੀ ਨੰ | ਦਰਿਆਂ ਦਾ ਨਾਮ | ਪੌਰਾਣਿਕ ਨਾਮ |
|---|---|---|
| 1 | ਸਿੰਧ | ਸਿੰਧੂ |
| 2 | ਜੇਹਮਲ | ਵਿਤਸਤਾ |
| 3 | ਚਨਾਬ | ਅਸਕਿਨੀ |
| 4 | ਰਾਵੀ | ਪੁਰੁਸ਼ਨੀ |
| 5 | ਬਿਆਸ | ਵਿਪਾਸਾ |
| 6 | ਸਤਲੁਜ | ਸੁਤੁਦਰੀ |
| 7 | ਸਰਸਵਤੀ | ਸੁਰਸੁਤੀ |

## ਬਹੁ-ਵਿਕਲਪੀ ਪ੍ਰਸ਼ਨ:-

1. ਪੰਜਾਬ ਸ਼ਬਦ ਕਿਸ ਭਾਸ਼ਾ ਤੋਂ ਬਣਿਆ ਹੈ?
   (ੳ) ਪੰਜਾਬੀ (ਅ) ਅਰਬੀ (ੲ) ਫ਼ਾਰਸੀ (ਸ) ਉਰਦੂ
2. ਪੈਪਸੂ ਪ੍ਰਾਂਤ ਕਦੋਂ ਹੋਂਦ ਵਿੱਚ ਆਇਆ ਸੀ?
   (ੳ) 1947 (ਅ) 1948 (ੲ) 1950 (ਸ) 1966
3. ਪੰਜਾਬ ਦੇ ਨਕਸ਼ੇ ਨੂੰ ਧਿਆਨ ਨਾਲ ਦੇਖਕੇ ਦੱਸੋ ਕਿ ਲੁਧਿਆਣੇ ਨੂੰ ਕਿਸ ਜਿਲ੍ਹੇ ਦੀ ਹੱਦ ਨਹੀਂ ਛੂੰਹਦੀ ਹੈ?
   (ੳ) ਜਲੰਧਰ (ਅ) ਰੋਪੜ (ੲ) ਸੰਗਰੂਰ (ਸ) ਪਟਿਆਲਾ
4. ਨਕਸ਼ੇ ਨੂੰ ਧਿਆਨ ਨਾਲ ਦੇਖਕੇ ਦੱਸੋ ਕਿ ਪੰਜਾਬ ਦੇ ਕਿੰਨੇਂ ਜ਼ਿਲ੍ਹਿਆਂ ਦੀ ਹੱਦ ਪਾਕਿਸਤਾਨ ਨੂੰ ਛੂੰਹਦੀ ਹੈ?
   (ੳ)ਇੱਕ (ਅ) ਦੋ (ੲ) ਤਿੰਨ (ਸ) ਚਾਰ

## ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਓ :-

1. ਪੰਜਾਬ ਦਾ ਸ਼ਾਬਦਿਕ ਅਰਥ ਕੀ ਹੈ ?
2. ਅਜੋਕੇ ਪੰਜਾਬ ਦੀ ਸਥਾਪਨਾ ਕਦੋ ਹੋਈ?
3. ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ ?

ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ


## ਸਹੀ ਮਿਲਾਨ ਕਰੋ :-

| | |
|---|---|
| ਬਿਆਸ | 145 |
| ਤਹਿਸੀਲ / ਉੱਪ ਮੰਡਲ | 22 |
| ਬਲਾਕ | ਬਿਪਾਸ਼ਾ |
| ਰਾਵੀ | 86 |
| ਜਿਲ੍ਹੇ | ਪੁਰੁਸ਼ਨੀ |

## ਖਾਲ਼ੀ ਸਥਾਨ ਭਰੋ :-

1. ਪੰਜਾਬ ਭਾਰਤ ਦੇ ............. ਵਿੱਚ ਸਥਿਤ ਹੈ।
2. ਰਿਗਵੇਦ ਵਿੱਚ ਪੰਜਾਬ ਨੂੰ ..................... ਕਿਹਾ ਜਾਂਦਾ ਸੀ।
3. ਪੰਜਾਬ ਵਿੱਚ ਪਹਿਲਾ .......... ਦਰਿਆ ਵਗਦੇ ਸਨ ।
4. ਪੰਜਾਬ ਦਾ ਕੁੱਲ ਖੇਤਰਫਲ ................ਵਰਗ ਕਿਲੋਮੀਟਰ ਹੈ।

# ਮਾਈਂਡ ਮੈਪ ਨੂੰ ਪੂਰਾ ਕਰੋ :



ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਵੇਖਣ ਲਈ ਇਸ ਕੋਡ ਨੂੰ ਸਕੈਨ ਕਰੋ।

jalandhar

# THANKS



**Part-2 (Geography)**

ਭੂਗੋਲ

ਪਾਠ:1 (b)

ਪੰਜਾਬ: ਆਕਾਰ ਅਤੇ ਸਥਿਤੀ



ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)